# ਬਿਲੀਵਰਸ ਈਸਟਰਨ ਚਰਚ

ਆਫ਼ਿਸ ਆਫ਼ ਮੈਟਰੋਪੋਲਿਟਨ, ਸਿਨੋਡ ਸਕੱਤਰੇਤ, ਸੰਤ ਥਾਮਸ ਕਮਿਊਨਿਟੀ, ਤਿਰੁਵੱਲਾ, ਕੇਰਲ, ਭਾਰਤ।

## ਚਰਵਾਹੇ ਦਾ ਪੱਤਰ

ਜਨਵਰੀ / ਫਰਵਰੀ 2024

ਸਾਰੇ ਆਰਚਬਿਸ਼ਪਾਂ ਅਤੇ ਬਿਸ਼ਪਾਂ, ਯਾਜਕਾਂ ਅਤੇ ਡੀਕਨ ਫਾਦਰਾਂ, ਇਵੈਂਜਲਿਸਟਾਂ, ਅਤੇ ਆਰਡਰ ਆਫ ਸਿਸਟਰਜ਼, ਅਤੇ ਸਾਰੇ ਬਿਲੀਵਰਸ ਈਸਟਰਨ ਚਰਚ ਦੇ ਵਿਸ਼ਵ-ਵਿਆਪੀ ਵਿਸ਼ਵਾਸੀਆਂ ਨੂੰ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ 'ਤੇ, ਆਮੀਨ!

**ਮਸੀਹ ਵਿੱਚ ਪਿਆਰੇ ਅਜੀਜ਼ੋ,**

ਮਸੀਹ ਸਾਡੇ ਨਾਲ ਹੈ!

ਜਦਕਿ ਅਸੀਂ ਪਵਿੱਤਰ ਚਰਚ ਵਿੱਚ ਸਭ ਤੋਂ ਮਹੱਤਵਪੂਰਨ ਰੁੱਤ ਦੇ ਨੇੜੇ ਪਹੁੰਚਦੇ ਹਾਂ ਤਾਂ ਤੁਹਾਨੂੰ ਲਿਖਣ ਵਿੱਚ ਮੈਨੂੰ ਬਹੁਤ ਖੁਸ਼ੀ ਮਿਲਦੀ ਹੈ। ਇਹ 'ਮਹਾਨ ਲੈਂਟ ਦੀ ਰੁੱਤ' ਹੈ ਜੋ 11 ਫਰਵਰੀ ਤੋਂ ਸ਼ੁਰੂ ਹੋ ਕੇ 31 ਮਾਰਚ, 2024 ਤੱਕ ਹੈ।

ਇਸ ਰੁੱਤ ਨੂੰ ਵਰਤ ਅਤੇ ਪ੍ਰਾਰਥਨਾ ਦੇ ਸਮੇਂ ਵਜੋਂ ਮਨਾਇਆ ਜਾਂਦਾ ਹੈ ਜਿਸ ਵਿੱਚ ਵਿਸ਼ਵਾਸੀ ਲੋਕ ਪ੍ਰਭੂ ਯਿਸੂ ਮਸੀਹ ਦੇ ਧਰਤੀ ਉੱਤੇ ਆਖ਼ਰੀ ਦਿਨਾਂ ਨੂੰ ਯਾਦ ਕਰਦੇ ਹਨ ਜੋ ਉਸਦੀ ਮੌਤ, ਦਫ਼ਨਾਉਣ ਅਤੇ ਜੇਤੂ ਪੁਨਰ-ਉਥਾਨ ਵੱਲ ਅਗਵਾਈ ਕਰਦੇ ਹਨ। ਮਸੀਹ ਦੇ ਪੈਰੋਕਾਰਾਂ ਅਤੇ ਉਸਦੇ ਪਵਿੱਤਰ ਚਰਚ ਦੇ ਮੈਂਬਰਾਂ ਵਜੋਂ, ਅਸੀਂ ਇਸ ਰੁੱਤ ਦੀ ਉਡੀਕ ਕਰਦੇ ਹਾਂ ਕਿਉਂਕਿ ਇਹ 'ਈਸਟਰ ਦੇ ਤਿਉਹਾਰ' ਨੂੰ ਇੱਕ ਯੋਗ ਢੰਗ ਨਾਲ ਮਨਾਉਣ ਲਈ ਆਪਣੇ ਆਪ ਨੂੰ ਤਿਆਰ ਕਰਨ ਵਿੱਚ ਸਾਡੀ ਮਦਦ ਕਰਦਾ ਹੈ। ਇਸ ਰੁੱਤ ਦੇ ਦੌਰਾਨ, ਅਸੀਂ ਰੂਹਾਨੀ ਤੌਰ 'ਤੇ ਨਵਿਆਉਣ ਲਈ ਸੱਚੀ ਨਿਮਰਤਾ ਅਤੇ ਟੁੱਟੇਪਨ ਨਾਲ ਆਪਣੇ ਜੀਵਨ ਦੀ ਜਾਂਚ ਕਰਨ ਲਈ ਆਪਣੀ ਗਤੀ ਨੂੰ ਹੌਲੀ ਕਰਨ ਅਤੇ ਰੁਕਣ ਦੀ ਇੱਕ ਜਾਣਬੁੱਝ ਕੇ ਚੋਣ ਕਰਦੇ ਹਾਂ।

ਇਸ ਤੋਂ ਇਲਾਵਾ, **ਲੈਂਟ ਦੇ ਤਿੰਨ ਥੰਮ੍ਹ ਹਨ,** ਜੋ ਚਰਚ ਦੇ ਸਾਰੇ ਵਿਸ਼ਵਾਸੀਆਂ ਲਈ ਹਨ।

**ਪ੍ਰਾਰਥਨਾ**: ਲੈਂਟ ਦੇ ਦੌਰਾਨ, ਸਾਨੂੰ ਹੋਰ ਵਧੀਕ ਪ੍ਰਾਰਥਨਾ ਕਰਨ ਲਈ ਬੁਲਾਇਆ ਗਿਆ ਹੈ। ਜਿੰਨੀ ਜ਼ਿਆਦਾ ਅਸੀਂ ਪ੍ਰਾਰਥਨਾ ਕਰਦੇ ਹਾਂ, ਓਨਾ ਹੀ ਜ਼ਿਆਦਾ ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ, ਜਿਵੇਂ ਇਹ ਸਵਰਗ ਵਿੱਚ ਪੂਰੀ ਹੁੰਦੀ ਹੈ, ਉਸੇ ਤਰਾਂ ਪੂਰਾ ਕਰਨ ਲਈ ਬਦਲਦੇ ਜਾਂਦੇ ਹਾਂ। ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਸਾਡੇ ਪਾਪਾਂ ਨੂੰ ਮਾਫ਼ ਕਰਨ ਲਈ ਪ੍ਰਭੂ ਦੀ ਦਇਆ ਦੀ ਮੰਗ ਕਰਦੇ ਹਾਂ ਅਤੇ ਸਾਨੂੰ ਉਸ ਵਰਗਾ ਬਣਾਉਣਾ ਚਾਹੁੰਦੇ ਹਾਂ ਤਾਂ ਜੋ ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਧਾਰਮਿਕਤਾ ਦੇ ਫਲਾਂ ਦੇ ਧਾਰਨੀ ਬਣ ਸਕੀਏ।

**ਵਰਤ:** ਸਾਨੂੰ ਸਿਰਫ਼ ਭੋਜਨ ਤੋਂ ਹੀ ਨਹੀਂ, ਸਗੋਂ ਪਾਪੀ ਆਦਤਾਂ ਤੋਂ ਵੀ ਵਰਤ ਰੱਖਣਾ ਚਾਹੀਦਾ ਹੈ। ਸਾਨੂੰ ਵਾਸਨਾਵਾਂ ਦੇ ਅੱਗੇ ਸਮਰਪਣ ਨਹੀਂ ਕਰਨਾ ਚਾਹੀਦਾ ਹੈ, ਪਰ ਰੱਬੀ ਸੁਭਾਅ ਦੇ ਭਾਗੀਦਾਰ ਬਣਨ ਲਈ ਪਰਮੇਸ਼ੁਰ ਦੀ ਦਇਆ ਅਤੇ ਕਿਰਪਾ ਨਾਲ ਜਿੱਤ ਪ੍ਰਾਪਤ ਕਰਨੀ ਚਾਹੀਦੀ ਹੈ। ਜਿਵੇਂ ਕਿ ਅਸੀਂ ਕੁਝ ਭੋਜਨਾਂ ਤੋਂ ਪਰਹੇਜ਼ ਕਰਦੇ ਹਾਂ, ਆਓ ਅਸੀਂ ਨਕਾਰਾਤਮਕ ਵਿਚਾਰਾਂ, ਸ਼ਬਦਾਂ ਅਤੇ ਕੰਮਾਂ ਤੋਂ ਵੀ ਪਰਹੇਜ਼ ਕਰੀਏ। ਆਪਣੇ ਘਰ ਨੂੰ ਪ੍ਰਾਰਥਨਾ ਅਤੇ ਮਨਨ ਦੇ ਅਸਥਾਨ ਵਿੱਚ ਬਦਲੋ, ਇੱਕ ਅਜਿਹੇ ਵਾਤਾਵਰਣ ਨੂੰ ਉਤਸ਼ਾਹਿਤ ਕਰੋ ਜੋ ਆਤਮਿਕ ਵਿਕਾਸ ਨੂੰ ਵਧਾਵਾ ਦਿੰਦਾ ਹੈ।

**ਦਾਨ ਦੇਣਾ:** ਜਿਵੇਂ ਕਿ ਯਸਾਯਾਹ 58:7 ਵਿੱਚ ਲਿਖਿਆ ਹੈ, ਸਾਡਾ ਵਰਤ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ ਜਦੋਂ ਅਸੀਂ ਗਰੀਬਾਂ ਅਤੇ ਮਜ਼ਲੂਮਾਂ ਦੀ ਦੇਖਭਾਲ ਕਰਦੇ ਹਾਂ। ਜਦੋਂ ਅਸੀਂ ਲੈਂਟ ਦੌਰਾਨ ਭੋਜਨ ਤੋਂ ਵਰਤ ਰੱਖਦੇ ਹਾਂ, ਤਾਂ ਅਸੀਂ ਪੈਸੇ ਅਤੇ ਹੋਰ ਸਰੋਤ ਬਚਾਉਣ ਦਾ ਇਰਾਦਾ ਰੱਖਦੇ ਹਾਂ ਤਾਂ ਕਿ ਉਹ ਸਰੋਤ ਲੋੜਵੰਦਾਂ ਨਾਲ ਸਾਂਝੇ ਕਰੀਏ। ਇੱਕ ਪਰਿਵਾਰ ਦੇ ਰੂਪ ਵਿੱਚ ਅਤੇ ਇੱਕ ਪੈਰਿਸ਼ ਦੇ ਰੂਪ ਵਿੱਚ ਮਹਾਨ ਲੈਂਟ ਦੀ ਇਸ ਰੁੱਤ ਦੌਰਾਨ ਇਹ ਅਭਿਆਸ ਕੀਤਾ ਜਾ ਸਕਦਾ ਹੈ।

ਮਹਾਨ ਲੈਂਟ ਨੂੰ ਮਨਾਉਣ ਦੇ ਦੋ ਮਹੱਤਵਪੂਰਨ ਹਿੱਸੇ ਉਹ ਕੰਮ ਹਨ ਜੋ ਅਸੀਂ ਵਿਅਕਤੀਗਤ ਤੌਰ 'ਤੇ ਕਰਦੇ ਹਾਂ ਅਤੇ ਉਹ ਗਤੀਵਿਧੀਆਂ ਜੋ ਅਸੀਂ ਇੱਕ ਪੈਰਿਸ਼ ਦੇ ਰੂਪ ਵਿੱਚ ਸਮੂਹਿਕ ਤੌਰ 'ਤੇ ਕਰਦੇ ਹਾਂ। ਦੋਵੇਂ ਭਾਗ ਬਰਾਬਰ ਮਹੱਤਵ ਰੱਖਦੇ ਹਨ।

ਵਿਅਕਤੀਗਤ ਤੌਰ 'ਤੇ, ਅਸੀਂ ਵਰਤ ਰੱਖਣ, ਸਵੈ-ਮੁਲਾਂਕਣ ਕਰਨ ਅਤੇ ਪ੍ਰਾਰਥਨਾ ਅਤੇ ਮਨਨ ਦੇ ਨਿੱਜੀ ਸਮੇਂ ਦੇ ਅਨੁਸ਼ਾਸਨ ਦੀ ਪਾਲਣਾ ਕਰਨ ਦੀ ਵਚਨਬੱਧਤਾ ਕਰਦੇ ਹਾਂ। ਦੂਜੇ ਪਾਸੇ, ਸਮੂਹਿਕ ਤੌਰ 'ਤੇ ਸਾਡੇ ਲਈ ਸੱਦਾ ਹੈ ਕਿ ਅਸੀਂ ਆਪਣੇ ਪਰਿਵਾਰਾਂ ਦੇ ਨਾਲ ਵੱਧ ਤੋਂ ਵੱਧ ਲਿਟਰਜੀਕਲ ਬੰਦਗੀਆਂ ਵਿੱਚ ਹਿੱਸਾ ਲੈਣ ਦੀ ਕੋਸ਼ਿਸ਼ ਕਰੀਏ। ਖੁਸ਼ੀ ਦੀ ਗੱਲ ਇਹ ਹੈ ਕਿ ਅਸੀਂ ਇਸ ਸਫ਼ਰ ਵਿੱਚ ਇਕੱਲੇ ਨਹੀਂ ਹਾਂ। ਸਾਡਾ ਪੈਰਿਸ਼ ਇੱਕ ਆਤਮਿਕ ਪਰਿਵਾਰ ਬਣ ਜਾਂਦਾ ਹੈ, ਇੱਕ ਦੂਜੇ ਦਾ ਸਮਰਥਨ ਕਰਦਾ ਹੈ ਅਤੇ ਇੱਕ ਦੂਜੇ ਨੂੰ ਉੱਚਾ ਚੁੱਕਦਾ ਹੈ, ਕਿਉਂਕਿ ਇਹ ਸਾਡੀ ਸਾਂਝੀ ਵਚਨਬੱਧਤਾ ਰਾਹੀਂ ਹੀ ਹੈ ਕਿ ਸਾਨੂੰ ਤਾਕਤ ਅਤੇ ਉਤਸ਼ਾਹ ਮਿਲਦਾ ਹੈ।

ਇਸ ਤੋਂ ਇਲਾਵਾ, ਮੈਂ ਤੁਹਾਨੂੰ ਹੇਠ ਲਿਖੀਆਂ ਗੱਲਾਂ 'ਤੇ ਵੀ ਜ਼ੋਰ ਦੇਣ ਦੀ ਬੇਨਤੀ ਕਰਦਾ ਹਾਂ:

1. **ਚਰਚ ਦੇ ਸਾਰੇ ਲੈਂਟ ਸਰੋਤਾਂ ਦੀ ਵਰਤੋਂ ਕਰੋ:** ਪਵਿੱਤਰ ਸਿਨੋਡ ਤੋਂ, ਤੁਹਾਨੂੰ ਮਹਾਨ ਲੈਂਟ ਦੇ ਦਿਨਾਂ ਵਿੱਚ ਸਾਡੀ ਯਾਤਰਾ ਨੂੰ ਅਰਥਪੂਰਨ ਤਰੀਕੇ ਨਾਲ ਪੂਰਾ ਕਰਨ ਲਈ, ਰੋਜ਼ਾਨਾ ਬਾਈਬਲ ਪਾਠ, ਰੋਜ਼ਾਨਾ ਲੈਂਟੇਨ ਮਨਨ, ਰੋਜ਼ਾਨਾ ਪ੍ਰਾਰਥਨਾ ਲਿਟਰਜੀ ਅਤੇ ਵਰਤ ਰੱਖਣ ਬਾਰੇ ਦਿਸ਼ਾ-ਨਿਰਦੇਸ਼ ਪ੍ਰਾਪਤ ਹੋਣਗੇ।

2. **ਘਰ ਦੀ ਪ੍ਰਾਰਥਨਾ ਵੇਦੀ:** ਲੈਂਟ ਦੀ ਰੁੱਤ ਉਹ ਸਮਾਂ ਹੈ ਕਿ ਪ੍ਰਾਰਥਨਾ ਵਧਾਈ ਜਾਵੇ ਅਤੇ ਇਹ ਸਾਡੇ ਘਰਾਂ ਵਿੱਚ ਵੀ ਹੋਣਾ ਚਾਹੀਦਾ ਹੈ। ਆਉ ਅਸੀਂ ਇਹ ਸੁਨਿਸ਼ਚਿਤ ਕਰੀਏ ਕਿ ਘਰ ਵਿੱਚ ਪਰਿਵਾਰਕ ਵੇਦੀ ਅਤੇ ਪ੍ਰਾਰਥਨਾਵਾਂ ਲੈਂਟ ਸੀਜ਼ਨ ਦੌਰਾਨ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹਿਣ।

3. **ਯਿਸੂ ਪ੍ਰਾਰਥਨਾ ਕਰੋ:** "ਪ੍ਰਭੂ ਯਿਸੂ ਮਸੀਹ, ਪਰਮੇਸ਼ੁਰ ਦੇ ਪੁੱਤਰ, ਮੈਂ ਪਾਪੀ ਉੱਤੇ ਦਯਾ ਕਰੋ" ਇੱਕ ਅਜਿਹੀ ਪ੍ਰਾਰਥਨਾ ਹੈ ਜੋ ਅਸੀਂ ਦਿਨ ਭਰ ਕਰ ਸਕਦੇ ਹਾਂ। ਜੇ ਤੁਹਾਡੇ ਕੋਲ ਪ੍ਰਾਰਥਨਾ ਵਾਲੀ ਰੱਸੀ ਹੈ, ਤਾਂ ਜਿੰਨੀ ਵਾਰ ਹੋ ਸਕੇ ਇਸ ਪ੍ਰਾਰਥਨਾ ਨੂੰ ਕਰੋ।

ਮੈਂ ਸਾਨੂੰ ਸਾਰਿਆਂ ਨੂੰ ਪਵਿੱਤਰ ਚਰਚ ਦੇ ਇਸ ਸੱਦੇ ਨੂੰ ਨਜ਼ਰਅੰਦਾਜ਼ ਨਾ ਕਰਨ ਲਈ ਉਤਸ਼ਾਹਿਤ ਕਰਦਾ ਹਾਂ! ਤੁਹਾਡਾ ਆਤਮਿਕ ਪਿਤਾ ਹੋਣ ਦੇ ਨਾਤੇ, ਮੈਂ ਵੀ ਤੁਹਾਡੇ ਨਾਲ ਇਸ ਯਾਤਰਾ ਵਿੱਚ ਸ਼ਾਮਲ ਹੋਵਾਂਗਾ ਅਤੇ ਆਓ ਮਿਲ ਕੇ ਆਪਣੇ ਪ੍ਰਭੂ ਦੁਆਰਾ ਆਸ਼ੀਸ਼ ਪ੍ਰਾਪਤ ਕਰਨ ਦੀ ਦਿਲੋਂ ਉਮੀਦ ਕਰੀਏ।

ਮਸੀਹ ਸਾਡੇ ਨਾਲ ਹੈ! ਉਹ ਹੈ ਅਤੇ ਹਮੇਸ਼ਾ ਰਹੇਗਾ, ਆਮੀਨ।

ਮਸੀਹ ਵਿੱਚ ਤੁਹਾਡਾ ਪਿਤਾ,

ਐਥਨੇਸ਼ੀਅਸ ਯੋਹਾਨ ਪਹਿਲਾ
ਮੈਟਰੋਪੋਲਿਟਨ

ਮਿਤੀ : 15 ਜਨਵਰੀ 2024
ਸਥਾਨ : ਪਾਵਿੱਤਰ ਸਿਨੋਡ